Punjabi – Number 114
June 2018

# ਕਲੌਸਟ੍ਰੀਡੀਅਮ ਡਿਫੀਸੀਲ (*ਸੀ.ਡਿਫੀਸੀਲ*)
# Clostridium Difficile (*C.difficile*)

## *ਸੀ.ਡਿਫੀਸੀਲ* (*C.difficile*) ਕੀ ਹੈ?

*ਸੀ.ਡਿਫੀਸੀਲ* (*C. difficile*), ਜਿਸ ਨੂੰ *ਸੀ.ਡਿਫ* ਦੀ ਤਰ੍ਹਾਂ ਵੀ ਜਾਣਿਆ ਜਾਂਦਾ ਹੈ, ਇੱਕ ਬੈਕਟੀਰੀਆ ਹੈ ਜਿਹੜਾ 7% ਤੱਕ ਲੋਕਾਂ ਦੀਆਂ ਅੰਤੜੀਆਂ ਵਿੱਚ ਬਿਮਾਰੀ ਦਾ ਕਾਰਨ ਬਣੇ ਬਿਨਾਂ ਰਹਿੰਦਾ ਹੈ। ਤੁਹਾਡੀਆਂ ਅੰਤੜੀਆਂ ਵਿੱਚ ਸੁਭਾਵਿਕ ਤੌਰ ਤੇ ਬਹੁਤ ਸਾਰੇ ਚੰਗੇ ਬੈਕਟੀਰੀਆ ਹੁੰਦੇ ਹਨ ਜਿਹੜੇ ਤੁਹਾਨੂੰ ਭੋਜਨ ਨੂੰ ਪਚਾਉਣ ਅਤੇ ਸਿਹਤਮੰਦ ਰਹਿਣ ਵਿੱਚ ਸਹਾਇਤਾ ਕਰਦੇ ਹਨ। ਜਦੋਂ ਕਿਸੇ ਬਿਮਾਰੀ ਦਾ ਇਲਾਜ ਕਰਨ ਵਾਸਤੇ ਐਂਟੀਬਾਇਓਟਿਕਾਂ ਲਈਆਂ ਜਾਂਦੀਆਂ ਹਨ, ਤਾਂ ਇਹ ਚੰਗੇ ਬੈਕਟੀਰੀਆ ਮਰ ਸਕਦੇ ਹਨ। *ਸੀ.ਡਿਫ* ਬੈਕਟੀਰੀਆ ਆਮ ਐਂਟੀਬਾਇਓਟਿਕਾਂ ਨਾਲ ਨਹੀਂ ਮਰਦੇ ਅਤੇ ਲਗਾਤਾਰ ਵਧਦੇ ਰਹਿੰਦੇ ਹਨ, ਜਿਸ ਕਾਰਨ ਤੁਸੀਂ ਬਿਮਾਰ ਹੋ ਸਕਦੇ ਹੋ।

*ਸੀ.ਡਿਫ* ਅਜਿਹੇ ਜ਼ਹਰੀਲੇ ਪਦਾਰਥ ਪੈਦਾ ਕਰਦਾ ਹੈ ਜਿਹੜੇ ਅੰਤੜੀਆਂ ਵਿਚਲੇ ਸੈੱਲਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। *ਸੀ.ਡਿਫ* ਦਾ ਸਭ ਤੋਂ ਆਮ ਲੱਛਣ ਦਸਤ ਹੈ। ਅਸਲ ਵਿੱਚ, ਇਹ ਹਸਪਤਾਲਾਂ ਅਤੇ ਸਿਹਤ ਸੰਭਾਲ ਸੁਵਿਧਾਵਾਂ ਵਿੱਚ ਹੋਣ ਵਾਲੇ ਸੰਕਰਾਮਕ ਦਸਤ ਦਾ ਸਭ ਤੋਂ ਆਮ ਕਾਰਨ ਹੈ। *ਸੀ.ਡਿਫ* ਦੀ ਲਾਗ ਗੰਭੀਰ ਬੀਮਾਰੀ ਦਾ ਕਾਰਨ ਬਣ ਸਕਦੀ ਹੈ।

## ਸਭ ਤੋਂ ਜਿਆਦਾ ਜੋਖਮ ਕਿਸ ਨੂੰ ਹੈ?

ਬਹੁਤੇ ਸਿਹਤਮੰਦ ਲੋਕਾਂ ਲਈ, *ਸੀ.ਡਿਫ* ਸਿਹਤ ਸੰਬੰਧੀ ਜੋਖਮ ਨਹੀਂ ਹੈ। ਵਿਗਾੜ ਦੇ ਜਿਆਦਾ ਜੋਖਮ ਵਾਲੇ ਲੋਕਾਂ ਵਿੱਚ ਸ਼ਾਮਲ ਹਨ:

- ਉਹ ਲੋਕ ਜਿਹੜੇ ਐਂਟੀਬਾਇਓਟਿਕ ਲੈ ਰਹੇ ਹਨ
- ਕੈਂਸਰ ਦੀ ਕੀਮੋਥੈਰੇਪੀ ਕਰਵਾ ਰਹੇ ਲੋਕ
- ਉਹ ਲੋਕ ਜਿੰਨਾਂ ਨੂੰ ਦੂਸਰੀਆਂ ਬਿਮਾਰੀਆਂ ਹਨ
- ਬਜ਼ੁਰਗ

## ਲੱਛਣ ਕੀ ਹਨ?

ਕੁਝ ਕੇਸਾਂ ਵਿੱਚ, ਸੰਭਵ ਹੈ ਕਿ *ਸੀ.ਡਿਫ* ਦੇ ਕੋਈ ਵੀ ਲੱਛਣ ਨਾ ਹੋਣ। ਪਰ, ਇਸ ਕਰਕੇ ਇੰਨ੍ਹਾਂ ਵਰਗੇ ਲੱਛਣ ਵੀ ਹੋ ਸਕਦੇ ਹਨ:

- ਪਾਣੀ ਵਰਗੇ ਦਸਤ
- ਬੁਖਾਰ
- ਭੁੱਖ ਦੀ ਕਮੀ
- ਮਤਲੀ
- ਪੇਟ ਵਿੱਚ ਦਰਦ ਅਤੇ ਨਰਮੀ

ਉਨ੍ਹਾਂ ਕੇਸਾਂ ਵਿੱਚ ਜਿਥੇ ਇੱਕ ਮਰੀਜ਼ ਨੂੰ ਤੀਬਰ ਦਸਤ ਹੁੰਦੇ ਹਨ, ਉਸਦਾ ਨਤੀਜਾ ਪਾਣੀ ਦੀ ਕਮੀ ਅਤੇ ਕੋਲਾਈਟਸ (ਆਂਤ ਦੇ ਹੇਠਲੇ ਹਿੱਸੇ ਜਾਂ ਕੋਲਨ ਵਿੱਚ ਸੋਜ) ਸਮੇਤ ਜਟਿਲਤਾਵਾਂ ਹੋ ਸਕਦਾ ਹੈ। ਵਿਰਲੇ ਕੇਸਾਂ ਵਿੱਚ, ਵਿਗਾੜ ਕਰਕੇ ਮੌਤ ਹੋ ਸਕਦੀ ਹੈ।

## *ਸੀ.ਡਿਫ* (*C. diff*) ਕਿਸ ਤਰ੍ਹਾਂ ਫੈਲਦਾ ਹੈ?

*ਸੀ.ਡਿਫ* ਬੈਕਟੀਰੀਆ ਅਤੇ ਉਨ੍ਹਾਂ ਦੇ ਬੀਜਾਣੂ ਮਲ ਵਿੱਚ ਪਾਏ ਜਾਂਦੇ ਹਨ। ਬੀਜਾਣੂ ਕਈ ਹਫਤਿਆਂ ਜਾਂ ਮਹੀਨਿਆਂ ਲਈ ਤੁਹਾਡੇ ਸਰੀਰ ਤੋਂ ਬਾਹਰ ਜ਼ਿੰਦਾ ਰਹਿ ਸਕਦੇ ਹਨ। ਉਹ ਤੁਹਾਡੇ ਦੁਆਰਾ ਛੂਹੀਆਂ ਗਈਆਂ ਵਸਤੂਆਂ ਜਿਵੇਂ ਕਿ ਪਲੰਗ ਦੇ ਬਿਸਤਰੇ, ਪਲੰਗ ਦੀਆਂ ਰੇਲਾਂ, ਬਾਥਰੂਮ ਦੇ ਫਿਕਸਚਰ ਅਤੇ ਮੈਡੀਕਲ ਸਾਜ਼ੋ ਸਮਾਨ ਤੇ ਪਾਏ ਜਾ ਸਕਦੇ ਹਨ।

ਤੁਸੀਂ ਵਿਗਾੜਗ੍ਰਸਤ ਹੋ ਸਕਦੇ ਹੋ ਜੇ ਤੁਸੀਂ ਮਲ ਨਾਲ ਦੂਸ਼ਿਤ ਸਤ੍ਹਾ ਨੂੰ ਛੂੰਦੇ ਹੋ ਅਤੇ ਫਿਰ ਆਪਣੇ ਮੂੰਹ ਨੂੰ ਛੂੰਦੇ ਹੋ, ਜਾਂ ਤੁਸੀਂ ਅਜਿਹੀ ਕੋਈ ਚੀਜ਼ ਖਾਂਦੇ ਜਾਂ ਪੀਂਦੇ ਹੋ ਜਿਹੜੀ ਦੂਸ਼ਿਤ ਹੈ।

ਸਿਹਤ ਸੰਭਾਲ ਕਰਮਚਾਰੀ, ਸਟਾਫ ਅਤੇ ਮਿਲਣ ਜੁਲਣ ਵਾਲੇ ਵਿਗਾੜ ਨੂੰ ਤੁਹਾਡੇ ਤੱਕ ਫੈਲਾ ਸਕਦੇ ਹਨ ਜੇ ਉਨ੍ਹਾਂ ਦੇ ਹੱਥਾਂ ਦਾ ਸੰਪਰਕ *ਸੀ.ਡਿਫ* ਬੈਕਟੀਰੀਆ ਨਾਲ ਹੋਇਆ ਹੈ, ਅਤੇ ਉਨ੍ਹਾਂ ਨੇ ਤੁਹਾਨੂੰ ਛੂਣ ਤੋਂ ਪਹਿਲਾਂ, ਜਾਂ ਤੁਹਾਡੇ ਦੁਆਰਾ ਖਾਈਆਂ ਜਾਂ ਪੀਤੀਆਂ ਜਾਣ ਵਾਲੀਆਂ ਵਸਤੂਆਂ ਨੂੰ ਛੂਣ ਤੋਂ ਪਹਿਲਾਂ ਉਨ੍ਹਾਂ ਦੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਫ ਨਹੀਂ ਕੀਤਾ ਹੈ।

*ਸੀ.ਡਿਫ* ਬੈਕਟੀਰੀਆ ਹਵਾ ਦੇ ਰਾਹੀਂ ਨਹੀਂ ਫੈਲਦੇ। ਤੁਹਾਨੂੰ ਕਿਸੀ ਦੇ ਛਿਕੱਣ ਜਾਂ ਖੰਘਣ ਨਾਲ *ਸੀ.ਡਿਫ* ਨਹੀਂ ਹੋ ਸਕਦਾ।

## ਮੈਂ *ਸੀ.ਡਿਫ* (*C. diff*) ਨੂੰ ਫੈਲਣ ਤੋਂ ਕਿਵੇਂ ਰੋਕ ਸਕਦਾ/ਦੀ ਹਾਂ?

ਵਿਗਾੜ ਦੇ ਫੈਲਾਅ ਨੂੰ ਰੋਕਣ ਦਾ ਉਤੱਮ ਢੰਗ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਦੇ ਨਾਲ ਨੇਮਕ ਰੂਪ ਨਾਲ ਧੋਣਾ ਹੈ, ਖਾਸ ਕਰਕੇ ਟਾਇਲਟ ਵਰਤਣ ਤੋਂ ਬਾਅਦ ਅਤੇ ਤੁਹਾਡੇ ਖਾਣ ਤੋਂ ਪਹਿਲਾਂ। ਸਾਬਣ ਅਤੇ ਪਾਣੀ ਉਪਲੱਬਧ ਨਾ ਹੋਣ ਤਾਂ ਅਲਕੋਹਲ ਅਧਾਰਤ ਹੈਂਡ ਰਬ (ਏਬੀਐਚਆਰ-ABHR, ਜਿਸ ਨੂੰ ਹੈਂਡ ਸੈਨੀਟਾਈਜ਼ਰ ਵੀ ਕਿਹਾ ਜਾਂਦਾ ਹੈ) ਵਰਤੋ।

ਜੇ ਤੁਹਾਨੂੰ ਕਿਸੇ ਸਿਹਤ ਸੰਭਾਲ ਸੁਵਿਧਾ ਵਿਚ ਭਰਤੀ ਕੀਤਾ ਜਾਂਦਾ ਹੈ ਅਤੇ ਤੁਸੀਂ ਲੱਛਣ ਵਿਕਸਤ ਕਰਦੇ ਹੋ, ਜਿਵੇਂ ਕਿ ਦਸਤ, ਜਿੰਨਾਂ ਦੇ ਹੋਣ ਦਾ ਕਾਰਨ *ਸੀ.ਡਿਫ* ਕਰਕੇ ਹੋਣ ਦੀ ਪੁਸ਼ਟੀ ਜਾਂ ਸ਼ੱਕ ਹੈ, ਤਾਂ ਤੁਹਾਨੂੰ ਇਕੱਲੇ ਇੱਕ ਕਮਰੇ ਵਿੱਚ ਭੇਜ ਦਿੱਤਾ ਜਾਏਗਾ। ਤੁਹਾਨੂੰ ਦੂਸਰਿਆਂ ਤੱਕ ਵਿਗਾੜ ਨੂੰ ਫੈਲਾਉਣ ਤੋਂ ਰੋਕਣ ਦੀ ਕੋਸ਼ਿਸ਼ ਕਰਨ ਲਈ ਸੰਪਰਕ ਸੰਬੰਧੀ ਸਾਵਧਾਨੀਆਂ ਤੇ ਵੀ ਪਾ ਦਿੱਤਾ ਜਾਏਗਾ।

## ਮੇਰੇ ਹੱਥਾਂ ਨੂੰ ਧੋਣ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?

ਆਪਣੇ ਹੱਥਾਂ ਨੂੰ ਸਹੀ ਢੰਗ ਨਾਲ ਧੋਣ ਵਾਸਤੇ, ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰੋ:

1. ਆਪਣੇ ਹੱਥਾਂ ਅਤੇ ਗੁੱਟਾਂ ਤੋਂ ਅੰਗੂਠੀਆਂ ਜਾਂ ਦੂਸਰੇ ਗਹਿਣੇ ਉਤਾਰ ਦਿਓ
2. ਆਪਣੇ ਹੱਥਾਂ ਨੂੰ ਨਿੱਘੇ ਪਾਣੀ ਨਾਲ ਗਿਲਾ ਕਰੋ
3. ਆਪਣੇ ਹੱਥਾਂ ਦੇ ਸਾਰੇ ਹਿੱਸਿਆਂ ਨੂੰ ਘੱਟੋ ਘੱਟ 20 ਸਕਿੰਟਾਂ ਵਾਸਤੇ ਸਾਬਣ ਅਤੇ ਪਾਣੀ ਦੇ ਨਾਲ ਧੋਵੋ, ਅਤੇ ਝੱਗ ਬਣਾਉਣ ਲਈ ਆਪਣੇ ਹੱਥਾਂ ਨੂੰ ਰਗੜੋ। ਬੱਚਿਆਂ ਨੂੰ ਉਨ੍ਹਾਂ ਦੇ ਹੱਥ ਧੋਣ ਵਿੱਚ ਸਹਾਇਤਾ ਕਰਨ ਲਈ, ਵਰਨਮਾਲਾ ਵਾਲਾ ਗਾਣਾ ਗਾਓ
4. ਹੱਥਾਂ ਨੂੰ ਵਗਦੇ ਹੋਏ ਨਿੱਘੇ ਪਾਣੀ ਹੇਠ ਚੰਗੀ ਤਰ੍ਹਾਂ ਧੋਵੋ
5. ਆਪਣੇ ਹੱਥਾਂ ਨੂੰ ਸਾਫ ਕਪੜੇ ਜਾਂ ਪੇਪਰ ਟਾਵਲ ਨਾਲ ਸੁਕਾਓ
6. ਜੇ ਤੁਸੀਂ ਪਬਲਿਕ ਵਾਸ਼ਰੂਮ ਵਿੱਚ ਹੋ ਤਾਂ ਨਲਕਾ ਬੰਦ ਕਰਨ ਲਈ ਅਤੇ ਬਾਹਰ ਜਾਣ ਵੇਲੇ ਦਰਵਾਜ਼ਾ ਖੋਲਣ ਲਈ ਪੇਪਰ ਟਾਵਲ ਵਰਤੋ

ਜੇ ਅਕਸਰ ਹੱਥ ਧੋ ਰਹੇ ਹੋ ਤਾਂ ਚਮੜੀ ਨੂੰ ਖਰਾਬ ਹੋਣ ਤੋਂ ਰੋਕਣ ਲਈ ਹੱਥਾਂ ਵਾਲੀ ਕ੍ਰੀਮ ਲਗਾਓ।

ਹੱਥ ਧੋਣ ਬਾਰੇ ਹੋਰ ਜਾਣਕਾਰੀ ਲਈ, HealthLinkBC File #85 ਹੱਥ ਧੋਣਾ:ਰੋਗਾਣੂਆਂ ਨੂੰ ਫੈਲਣ ਤੋਂ ਰੋਕਣ ਵਿੱਚ ਸਹਾਇਤਾ ਕਰੋ ਦੇਖੋ।

## ਸੰਪਰਕ ਸੰਬੰਧੀ ਸਾਵਧਾਨੀਆਂ ਕੀ ਹਨ?

ਸੰਪਰਕ ਸੰਬੰਧੀ ਸਾਵਧਾਨੀਆਂ ਉਹ ਕਾਰਵਾਈਆਂ ਹਨ ਜਿਹੜੀਆਂ ਸਿਹਤ ਸੰਭਾਲ ਸੁਵਿਧਾਵਾਂ ਦੁਆਰਾ ਦੂਸਰੇ ਮਰੀਜ਼ਾਂ ਤੱਕ *ਸੀ.ਡਿਫ* ਬੈਕਟੀਰੀਆ ਨੂੰ ਫੈਲਣ ਤੋਂ ਰੋਕਣ ਦੀ ਕੋਸ਼ਿਸ਼ ਕਰਨ ਲਈ ਕੀਤੀਆਂ ਜਾਂਦੀਆਂ ਹਨ।

ਸੰਪਰਕ ਸੰਬੰਧੀ ਸਾਵਧਾਨੀਆਂ ਵਿੱਚ ਸ਼ਾਮਲ ਹੈ ਸੀ.ਡਿਫ ਦੇ ਸੰਦਿਗਧ ਅਤੇ ਪੁਸ਼ਟੀ ਕੀਤੇ ਸਾਰੇ ਕੇਸਾਂ ਵਾਲੇ ਮਰੀਜ਼ਾਂ ਨੂੰ ਇਕੱਲੇ ਵੱਖਰੇਵੇਂ ਵਾਲੇ ਕਮਰਿਆਂ ਵਿੱਚ ਰਖੱਣਾ। ਜੇ ਸਿੰਗਲ ਕਮਰੇ ਉਪਲਬਧ ਨਹੀਂ ਹਨ, ਤਾਂ ਵਿਗਾੜਗ੍ਰਸਤ ਮਰੀਜ਼ ਇੱਕ ਕਮਰਾ ਸਾਂਝਾ ਕਰ ਸਕਦੇ ਹਨ ਜੇ ਉਨ੍ਹਾਂ ਨੂੰ ਇੱਕੋ ਕਿਸਮ ਦਾ *ਸੀ.ਡਿਫ* ਬੈਕਟੀਰੀਆ ਹੈ। ਦਰਵਾਜ਼ੇ ਤੇ "ਕੌਨਟੈਕਟ ਪ੍ਰਿਕੌਸ਼ਨਜ਼" ਸਾਇਨ ਲਗਾਇਆ ਜਾਏਗਾ।

ਇੱਕ ਮਰੀਜ਼ ਦੇ ਕਮਰੇ ਵਿੱਚ ਦਾਖਲ ਹੋਣ ਤੋਂ ਪਹਿਲਾਂ, ਜਿਸ ਨੂੰ *ਸੀ.ਡਿਫ* ਹੈ ਜਾਂ ਉਸਦੀ ਲਾਗ ਹੋਣ ਦਾ ਸ਼ੱਕ ਹੈ, ਤਾਂ ਹੇਠਾਂ ਦਿੱਤੀ ਸੰਪਰਕ ਸਾਵਧਾਨੀ ਨੂੰ ਸਿਹਤ ਦੇਖਭਾਲ ਪ੍ਰਦਾਤਾਵਾਂ, ਕਰਮਚਾਰੀਆਂ ਅਤੇ ਮਿਲਣ ਵਾਲਿਆਂ ਦੁਆਰਾ ਵਰਤਿਆ ਜਾਣਾ ਚਾਹੀਦਾ ਹੈ:

1. ਆਪਣੇ ਹੱਥ ਧੋਵੋ
2. ਆਪਣੇ ਕਪੜਿਆਂ ਦੇ ਉੱਤੇ ਆਈਸੋਲੇਸ਼ਨ ਗਾਉਨ ਪਾਓ। ਇਹ ਤੁਹਾਨੂੰ ਕੋਈ ਵੀ ਦੂਸ਼ਿਤ ਸਤ੍ਹਾਂ ਜਾਂ ਮਰੀਜ਼ ਦੇ ਨਾਲ ਸੰਪਰਕ ਤੋਂ ਬਚਣ ਵਿੱਚ ਸਹਾਇਤਾ ਕਰੇਗਾ
3. ਰੋਗਾਣੂ- ਰਹਿਤ ਨਾ ਕੀਤੇ ਹੋਏ ਦਸਤਾਨੇ ਪਹਿਨੋ

ਮਰੀਜ਼ ਦੇ ਕਮਰੇ ਵਿੱਚੋਂ ਬਾਹਰ ਨਿਕਲਣ ਤੋਂ ਪਹਿਲਾਂ, ਹੇਠਾਂ ਦਿੱਤੇ ਕਾਰਜ ਕੀਤੇ ਜਾਣੇ ਜਰੂਰੀ ਹਨ:

1. ਦਸਤਾਨੇ ਤੁਰੰਤ ਉਤਾਰੋ ਅਤੇ ਕੂੜੇ ਵਿੱਚ ਸੁੱਟ ਦਿਓ
2. ਆਪਣੇ ਹੱਥ ਧੋਵੋ
3. ਗਾਉਨ ਦਾ ਬਾਹਰਲਾ ਹਿੱਸਾ ਛੂਹੇ ਬਿਨਾਂ ਆਈਸੋਲੇਸ਼ਨ ਗਾਉਨ ਨੂੰ ਉਤਾਰੋ ਅਤੇ ਮੁਹੱਈਆ ਕੀਤੇ ਗਏ ਕਪੜਿਆਂ ਵਾਲੇ ਹੈਂਪਰ ਵਿੱਚ ਰੱਖ ਦਿਓ
4. ਕਮਰੇ ਵਿੱਚੋਂ ਬਾਹਰ ਨਿਕਲਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਦੂਸਰੀ ਵਾਰੀ ਧੋਵੋ

ਸਿਹਤ ਸੰਭਾਲ ਸੁਵਿਧਾਵਾਂ ਬੈਕਟੀਰੀਆ ਦੀ ਸੰਖਿਆ ਘਟਾਉਣ ਲਈ ਸਤ੍ਹਾਂ ਨੂੰ ਬੀਜਾਣੂ ਮਾਰਨ ਵਾਲੀ ਬਲੀਚ ਦੇ ਨਾਲ ਅਕਸਰ ਸਾਫ ਵੀ ਕਰਨਗੀਆਂ।

## ਇਲਾਜ ਕੀ ਹਨ?

*ਸੀ.ਡਿਫ* ਵਿਗਾੜ ਦਾ ਇਲਾਜ ਕਰਨ ਦਾ ਪਹਿਲਾ ਕਦਮ ਉਸ ਐਂਟੀਬਾਇਓਟਿਕ ਨੂੰ ਲੈਣਾ ਬੰਦ ਕਰਨਾ ਹੈ ਜਿਸ ਕਰਕੇ ਵਿਗਾੜ ਹੋਇਆ ਸੀ। ਪਰ, ਤੁਹਾਨੂੰ ਉਸ ਵੇਲੇ ਤੱਕ ਆਪਣੇ ਐਂਟੀਬਾਇਓਟਿਕਾਂ ਨੂੰ ਲੈਣਾ ਬੰਦ ਨਹੀਂ ਕਰਨਾ ਚਾਹੀਦਾ ਜਦੋਂ ਤੱਕ ਤੁਹਾਨੂੰ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਦੁਅਰਾ ਅਜਿਹਾ ਕਰਨ ਵਾਸਤੇ ਨਾ ਕਿਹਾ ਗਿਆ ਹੋਏ। ਹਾਲਾਂਕਿ ਐਂਟੀਬਾਇਓਟਿਕਾਂ ਕਰਕੇ *ਸੀ.ਡਿਫ* ਹੋ ਸਕਦਾ ਹੈ, ਐਂਟੀਬਾਇਓਟਿਕਾਂ ਦੀ ਵਰਤੋਂ *ਸੀ.ਡਿਫ* ਦੇ ਇਲਾਜ ਲਈ ਕੀਤੀ ਜਾ ਸਕਦੀ ਹੈ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੇ *ਸੀ.ਡਿਫ* ਵਿਗਾੜ ਦਾ ਇਲਾਜ ਕਰਨ ਵਾਸਤੇ ਐਂਟੀਬਾਇਓਟਿਕ ਨਿਰਦਿਸ਼ਟ ਕਰੇਗਾ। ਜੇ ਐਂਟੀਬਾਇਓਟਿਕ ਇਲਾਜ ਅਸਫਲ ਹੋ ਜਾਂਦਾ ਹੈ, ਫੀਕਲ ਮਾਈਕਰੋਬਾਏਓਟਾ ਟ੍ਰਾਂਸਪਲਾਂਟ (ਤੰਦਰੁਸਤ ਡੋਨਰ ਤੋਂ ਸਟੂਲ) ਹੁਣ ਇਕ ਉਪਲਬਧ ਵਿਕਲਪ ਬਣ ਰਿਹਾ ਹੈ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਇਸ ਇਲਾਜ ਬਾਰੇ ਚਰਚਾ ਕਰੋ। ਵਿਰਲੇ ਕੇਸਾਂ ਵਿੱਚ, ਸਰਜਰੀ ਬਾਰੇ ਸੋਚਿਆ ਜਾ ਸਕਦਾ ਹੈ ਜੇ ਬਾਕੀ ਦੇ ਸਾਰੇ ਇਲਾਜਾਂ ਨੇ ਕੰਮ ਨਹੀਂ ਕੀਤਾ ਹੈ, ਜਾਂ ਜੇ ਲੱਛਣ ਬਹੁਤ ਤੀਬਰ ਹਨ।

BC Centre for Disease Control
An agency of the Provincial Health Services Authority